6

# ਯਿਸੂ ਦਾ ਬਪਤਿਸਮਾ
## (3:13-17)

ਬਹੁਤ ਸਾਰੇ ਲੋਕਾਂ ਨੂੰ ਯਿਸੂ ਦੇ ਬਪਤਿਸਮੇ ਦੀ ਗੱਲ ਸਮਝਣੀ ਔਖੀ ਲੱਗੀ ਹੈ। ਯਿਸੂ ਨੂੰ ਮਾਫ਼ੀ ਦੀ ਲੋੜ ਨਹੀਂ ਸੀ। ਬਪਤਿਸਮਾ ਲੈਣ ਨਾਲ ਯਿਸੂ ਦੇ ''ਸਾਰੇ ਧਰਮ ਨੂੰ ਪੂਰਾ ਕਰਨ'' ਦੇ ਰੂਪ ਵਿਚ ਲਿਖਤ ਦਾ ਇਹ ਜ਼ਬਰਦਸਤ ਭਾਗ ਹੈ।

### ਇਲਾਹੀ ਫ਼ੈਸਲਾ (3:13, 14)

**[13]ਤਦ ਯਿਸੂ ਗਲੀਲ ਤੋਂ ਯਰਦਨ ਦੇ ਕੰਢੇ ਯੂਹੰਨਾ ਕੋਲ ਉਸ ਦੇ ਹੱਥੋਂ ਬਪਤਿਮਸਾ ਲੈਣ ਲਈ ਆਇਆ। [14]ਪਰ ਯੂਹੰਨਾ ਨੇ ਇਹ ਕਹਿ ਕੇ ਉਸ ਨੂੰ ਰੋਕਿਆ ਕਿ ਮੈਨੂੰ ਤਾਂ ਤੈਥੋਂ ਬਪਤਿਸਮਾ ਲੈਣ ਦੀ ਲੋੜ ਹੈ ਅਤੇ ਤੂੰ ਮੇਰੇ ਕੋਲ ਆਇਆ ਹੈਂ?**

**ਆਇਤ 13.** ਆਪਣੀ ਆਮ ਸੇਵਕਾਈ ਵਿਚ ਜਾਣ ਦੀ ਤਿਆਰ ਕਰਦਿਆਂ **ਯਿਸੂ** ਨੇ **ਯੂਹੰਨਾ** ਬਪਤਿਸਮਾ ਦੇਣ ਵਾਲੇ ਕੋਲ ਜਾ ਕੇ ਉਸ ਨੂੰ ਬਪਤਿਸਮਾ ਦੇਣ ਲਈ ਆਖਣ ਨਾਲ ਸ਼ੁਰੂਆਤ ਕੀਤੀ। ਅਨੁਵਾਦ ਹੋਇਆ ਸ਼ਬਦ **ਆਇਆ** ਉਹੀ ਕ੍ਰਿਆ ਸ਼ਬਦ ਹੈ ਜਿਸ ਦਾ ਅਨੁਵਾਦ ਯੂਹੰਨਾ ਦੀ ਸੇਵਕਾਈ ਦੇ ਸ਼ੁਰੂ ਵਿਚ ''ਆਇਆ'' (3:2) ਹੋਇਆ ਹੈ। ਯਿਸੂ ਦੇ ਆਉਣ ਬਾਰੇ ਡੋਲਨਡ ਏ. ਹੈਗਨਰ ਨੇ ਲਿਖਿਆ ਹੈ, ''ਹੁਣ ਇੰਜੀਲ ਦਾ ਮੁੱਖ ਪਾਤਰ ਮੰਚ ਉੱਤੇ ਆਉਂਦਾ ਹੈ।''[1]

ਮੱਤੀ ਦੇ ਵਿਰਤਾਂਤ ਵਿਚ ਸਾਨੂੰ ਯਿਸੂ ਵੱਲੋਂ ਛੋਟੇ ਬਾਲਕ ਦੇ ਰੂਪ ਵਿਚ ਨਾਸਰਤ ਨੂੰ ਜਾਣ ਵੇਲੇ (2:23) ਅਤੇ ਬਪਤਿਸਮੇ ਦੇ ਸਮੇਂ ਦੇ ਵਿਚਕਾਰ ਦਾ ਕੋਈ ਜ਼ਿਕਰ ਨਹੀਂ ਹੈ। ਲੂਕਾ 3:23 ਸਾਨੂੰ ਦੱਸਦਾ ਹੈ ਕਿ ਇਸ ਵਕਤ ਯਿਸੂ ''ਤੀਹਾਂ ਕੁ ਵਰ੍ਹਿਆਂ ਦਾ'' ਸੀ। ਉਹ **ਗਲੀਲ** ਵਿਚ ''ਨਾਸਰਤ'' (ਮਰਕੁਸ 1:9) ਤੋਂ **ਯਰਦਨ** ਵਿਚ ਬੈਤਅਨੀਆ (ਯੂਹੰਨਾ 1:28) ਨੂੰ ਗਿਆ ਜਿੱਥੇ ਯੂਹੰਨਾ ਬਪਤਿਸਮਾ ਦਿੰਦਾ ਸੀ, ਤਾਂ ਜੋ ਉਹ **ਉਹਦੇ ਹੱਥੋਂ ਬਪਤਿਸਮਾ** ਲੈ ਸਕੇ।

**ਆਇਤ 14.** ਜਦ ਯਿਸੂ **ਯੂਹੰਨਾ** ਕੋਲ ਗਿਆ ਤਾਂ ਨਬੀ ਨੇ *ਸੋਚਿਆ* ਕਿ ਉਹ ਮਸੀਹਾ ਹੀ ਹੈ। ਇਨ੍ਹਾਂ ਦੋਹਾਂ ਦੀ ਉਮਰ ਵਿਚ ਛੇ ਕੁ ਮਹੀਨੇ ਦਾ ਫ਼ਰਕ ਸੀ ਅਤੇ ਦੋਵੇਂ ਰਿਸ਼ਤੇਦਾਰ ਸਨ (ਲੂਕਾ 1:36)। ਉਨ੍ਹਾਂ ਨੇ ਇਕ ਦੂਜੇ ਨੂੰ ਵੱਡੇ ਹੁੰਦਿਆਂ ਕਿੰਨਾ ਕੁ ਵੇਖਿਆ ਇਹਦਾ ਸਿਰਫ਼ ਅੰਦਾਜ਼ਾ ਲਾਇਆ ਜਾ ਸਕਦਾ ਹੈ। ਉਹ ਬਚਪਨ ਦੇ ਆਪਣੇ ਵਰ੍ਹਿਆਂ ਵਿਚ ਯਰੂਸ਼ਲਮ ਵਿਚ ਪਸਾਹ ਦੇ ਕੁਝ ਸਮਾਰੋਹਾਂ ਦੌਰਾਨ ਮਿਲਦੇ ਸਨ (ਵੇਖੋ ਲੂਕਾ 2:41, 42)। ਪਰ ਹੋ ਸਕਦਾ ਹੈ ਕਿ ਇਹ ਦੋਵੇਂ ਕੁਝ ਦੇਰ ਤੋਂ ਇਕ ਦੂਜੇ ਨਾਲ ਬਿਲਕੁਲ ਨਾ ਮਿਲੇ ਹੋਣ ਜਾਂ ਉਨ੍ਹਾਂ ਨੇ ਇਕ ਦੂਜੇ ਨੂੰ ਨਾ ਵੇਖਿਆ ਹੋਵੇ। ਸ਼ਾਇਦ ਯੂਹੰਨਾ ਕਈ ਸਾਲਾਂ ਤਕ ਉਜਾੜ ਵਿਚ ਇਕਾਤ ਵਾਸ ਵਿਚ ਰਹਿਆ ਸੀ (ਲੂਕਾ 1:80)।

ਪਹਿਲਾਂ ਤਾਂ ਯੂਹੰਨਾ ਯਿਸੂ ਨੂੰ ਬਪਤਿਸਮਾ ਦੇਣ ਤੋਂ ਝਕਿਆ। ਉਸ ਨੇ ਆਖਿਆ, **''ਮੈਨੂੰ ਤਾਂ ਤੈਥੋਂ ਬਪਤਿਸਮਾ ਲੈਣ ਦੀ ਲੋੜ ਹੈ ਅਤੇ ਤੂੰ ਮੇਰੇ ਕੋਲ ਆਇਆ ਹੈਂ।''** ਯੂਨਾਨੀ ਲਿਖਤ ਵਿਚ ਯੂਹੰਨਾ ਦਾ ਸਵਾਲ ਜ਼ੋਰ ਦਿੰਦਿਆਂ ਵਿਖਾਇਆ ਗਿਆ ਹੈ। ਇਸ ਦਾ ਹੂ-ਬ-ਹੂ ਅਨੁਵਾਦ ਹੋਵੇਗਾ, ''*ਮੈਨੂੰ* ਤਾਂ

*ਤੈਥੋਂ* ਬਪਤਿਸਮਾ ਲੈਣ ਦੀ ਲੋੜ ਹੈ, ਅਤੇ *ਤੂੰ* ਮੇਰੇ ਕੋਲ ਆਇਆ ਹੈਂ?'' ਮੱਤੀ ਯਿਸੂ ਨੂੰ ਬਪਤਿਸਮਾ ਦੇਣ ਦੀ ਯੂਹੰਨਾ ਦੀ ਝਿਝਕ ਨੂੰ ਲਿਖਣ ਵਾਲਾ ਇੰਜੀਲ ਦਾ ਇਕੱਲਾ ਲੇਖਕ ਸੀ। ਡਗਲਸ ਆਰ. ਏ. ਹੇਅਰ ਨੇ ਟਿੱਪਣੀ ਕੀਤੀ ਹੈ, ''ਮੱਤੀ ਸ਼ਾਇਦ ਬਪਤਿਸਮਾ ਦੇਣ ਵਾਲੇ ਦੇ ਪੈਰੋਕਾਰਾਂ ਤੋਂ ਖਿਜ ਗਿਆ ਸੀ, ਜਿਨ੍ਹਾਂ ਦਾ ਦਾਅਵਾ ਸੀ ਕਿ ਯਿਸੂ ਨੇ ਯੂਹੰਨਾ ਹੱਥੋਂ ਬਪਤਿਸਮਾ ਲੈਣ ਲਈ ਆਪਣੇ ਆਪ ਨੂੰ ਉਹਦੇ ਅੱਗੇ ਝੁਕਾ ਦਿੱਤਾ ਸੀ, ਇਸ ਕਰਕੇ ਜ਼ਰੂਰ ਹੀ ਯਿਸੂ ਯੂਹੰਨਾ ਨਾਲੋਂ ਛੋਟਾ ਹੈ।''[2] ਜਿਸ ਕਰਕੇ ਉਸ ਨੇ ਯੂਹੰਨਾ ਤੋਂ ਇਨ੍ਹਾਂ ਸ਼ਬਦਾਂ ਨੂੰ ਸ਼ਾਮਿਲ ਕਰਦਿਆਂ ਇਸ ਗਲਤ ਧਾਰਨਾ ਨੂੰ ਸੁਧਾਰਿਆ। ਇਸ ਸੁਝਾਅ ਦੀ ਸੰਭਾਵਨਾ ਹੋ ਸਕਦੀ ਹੈ, ਕਿਉਂਕਿ ਮੱਤੀ ਦੇ ਲਿਖਣ ਵੇਲੇ ਪਹਿਲੀ ਸਦੀ ਦੇ ਵਿਚਕਾਰ ਯੂਹੰਨਾ ਦੇ ਚੇਲੇ ਅਜੇ ਵੀ ਸਨ (ਵੇਖੋ ਰਸੂਲਾਂ ਦੇ ਕੰਮ 19:1–7)। ਇਸ ਦੇ ਇਲਾਵਾ ਇਹ ਗਲਤ ਧਾਰਨਾ ਕਿ ਯਿਸੂ ਯੂਹੰਨਾ ਬਪਤਿਸਮਾ ਦੇਣ ਵਾਲੇ ਨਾਲੋਂ ਛੋਟਾ ਸੀ, ਅੱਜ ਵੀ ਮੈਂਡੀਅਨ ਫ਼ਿਰਕੇ ਵਿਚ ਪਾਈ ਜਾਂਦੀ ਹੈ।[3]

## ਇਲਾਹੀ ਮਕਸਦ (3:15)

**[15]ਪਰ ਯਿਸੂ ਨੇ ਉਸ ਨੂੰ ਉੱਤਰ ਦਿੱਤਾ, ਹੁਣ ਹੋਣ ਦੇ ਕਿਉਂ ਜੋ ਸਾਨੂੰ ਯੋਗ ਹੈ ਜੋ ਸਾਰੇ ਧਰਮ ਨੂੰ ਇਸੇ ਤਰ੍ਹਾਂ ਪੂਰਾ ਕਰੀਏ। ਤਾਂ ਉਸ ਨੇ ਹੋਣ ਦਿੱਤਾ।**

**ਆਇਤ 15.** ਯਿਸੂ ਨੇ ਯੂਹੰਨਾ ਨੂੰ ਇਹ ਕਹਿੰਦਿਆਂ ਉੱਤਰ ਦਿੱਤਾ, **''ਹੁਣ ਹੋਣ ਦੇ ਕਿਉਂ ਜੋ ਸਾਨੂੰ ਯੋਗ ਹੈ ਜੋ ਸਾਰੇ ਧਰਮ ਨੂੰ ਇਸੇ ਤਰ੍ਹਾਂ ਪੂਰਾ ਕਰੀਏ।''** ਜਿਵੇਂ ਪਹਿਲਾਂ ਕਿਹਾ ਗਿਆ ਸੀ, ਯੂਹੰਨਾ ਪਾਪਾਂ ਦੀ ਮਾਫ਼ੀ ਲਈ ਬਪਤਿਸਮਾ ਦੇ ਰਿਹਾ ਸੀ (ਮਰਕੁਸ 1:4), ਪਰ ਯਿਸੂ ''ਬਾਪ ਦਾ ਜਾਣੂ ਨਹੀਂ'' ਸੀ (2 ਕੁਰਿੰਥਿਆਂ 5:21; ਵੇਖੋ ਯੂਹੰਨਾ 8:29; ਇਬਰਾਨੀਆਂ 4:15; 7:26; 1 ਪਤਰਸ 2:21, 22; 1 ਯੂਹੰਨਾ 3:5)। ਪਰ ਉਸ ਲਈ ਪੂਰੀ ਤਰ੍ਹਾਂ ਨਾਲ ਖ਼ੁਦਾ ਦੇ ਹੁਕਮ ਨੂੰ ਪੂਰਿਆਂ ਕਰਨਾ ਜ਼ਰੂਰੀ ਸੀ ਤਾਂ ਜੋ ਉਹ ''ਉਨ੍ਹਾਂ ਸਭਨਾਂ ਦੀ ਜਿਹੜੇ ਉਹਦੇ ਆਗਿਆਕਾਰ ਹਨ ਸਦਾ ਦੀ ਗਤੀ ਦਾ ਕਾਰਣ'' ਹੋ ਸਕੇ (ਇਬਰਾਨੀਆਂ 5:9)। ''ਸਾਰੇ ਧਰਮ ਨੂੰ ਪੂਰਾ ਕਰੀਏ'' ਵਾਕਅੰਸ਼ ਦੇ ਸੰਖੇਪ ਅਰਥ ਤੇ ਤਾਂ ਬਹਿਸ ਹੋ ਸਕਦੀ ਹੈ ਪਰ ਯਿਸੂ ਦੇ ਬਪਤਿਸਮੇ ਬਾਰੇ ਇਹ ਗੱਲਾਂ ਪੱਕੀਆਂ ਹਨ:

1. ਉਸ ਨੇ ਖ਼ੁਦਾ ਦੀ ਮਰਜ਼ੀ ਨੂੰ ਮੰਨਿਆ (21:25, 32; ਲੂਕਾ 7:29, 30)।
2. ਉਸ ਨੇ ਯੂਹੰਨਾ ਦੀ ਸੇਵਕਾਈ ਅਤੇ ਬਪਤਿਸਮੇ ਨੂੰ ਪ੍ਰਵਾਨਗੀ ਦਿੱਤੀ।
3. ਉਸ ਨੇ ਦੂਜਿਆਂ ਦੇ ਮੰਨਣ ਲਈ ਇਕ ਨਮੂਨਾ ਠਹਿਰਾਇਆ।
4. ਉਸ ਨੇ ਹਲੀਮੀ ਨਾਲ ਆਪਣੇ ਆਪ ਨੂੰ ਪਾਪੀਆਂ ਨਾਲ ਮਿਲਾਇਆ।
5. ਉਸ ਨੇ ਆਪਣੀ ਸੇਵਕਾਈ ਦਾ ਆਰੰਭ ਕੀਤਾ ਜੋ ਪਾਪੀਆਂ ਨੂੰ ਧਰਮੀ ਠਹਿਰਾਉਣ ਲਈ ਉਸ ਦੀ ਮੌਤ ਵਿਚ ਚਰਮ ਵਿਚ ਪਹੁੰਚੀ (ਯਸਾਯਾਹ 53:11; ਮੱਤੀ 1:21)।
6. ਉਹ ਯੂਹੰਨਾ ਉੱਤੇ ਮਸੀਹਾ ਦੇ ਰੂਪ ਵਿਚ ਪਰਗਟ ਹੋਇਆ, ਇਸ ਕਰਕੇ ਯੂਹੰਨਾ ਨੇ ਉਸ ਨੂੰ ਇਸਰਾਏਲ ਉੱਤੇ ਪਰਗਟ ਕੀਤਾ (ਯੂਹੰਨਾ 1:31, 32)।

**ਤਾਂ ਉਸ ਨੇ ਹੋਣ ਦਿੱਤਾ** ਸੰਕੇਤ ਦਿੰਦਾ ਹੈ ਕਿ ਯੂਹੰਨਾ ਨੇ ਯਿਸੂ ਦੀ ਦਲੀਲ ਮੰਨ ਲਈ ਅਤੇ ਉਸ ਨੂੰ ਬਪਤਿਸਮਾ ਦੇ ਦਿੱਤਾ।

## ਇਲਾਹੀ ਗਵਾਹੀ (3:16, 17)

**[16]ਅਤੇ ਜਦ ਯਿਸੂ ਬਪਤਿਸਮਾ ਲੈ ਚੁੱਕਿਆ ਤਾਂ ਝੱਟ ਪਾਣੀ ਤੋਂ ਉੱਪਰ ਆਇਆ ਅਤੇ ਵੇਖੋ, ਅਕਾਸ਼ ਉਹ ਦੇ ਲਈ ਖੁੱਲ੍ਹ ਗਿਆ ਅਤੇ ਉਹ ਨੇ ਪਰਮੇਸ਼ੁਰ ਦਾ ਆਤਮਾ ਕਬੂਤਰ ਵਾਂਙੁ ਉੱਤਰਦਾ ਅਤੇ ਆਪਣੇ ਉੱਤੇ ਆਉਂਦਾ ਡਿੱਠਾ। [17]ਅਤੇ ਵੇਖੋ ਇਕ ਸੁਰਗੀ ਬਾਣੀ ਆਈ ਕਿ ਇਹ ਮੇਰਾ ਪਿਆਰਾ ਪੁੱਤਰ ਹੈ ਜਿਸ ਤੋਂ ਮੈਂ ਪਰਸੰਨ ਹਾਂ।**

**ਆਇਤ 16. ਅਤੇ ਜਦ ਯਿਸੂ ਬਪਤਿਸਮਾ ਲੈ ਚੁੱਕਿਆ ਤਾਂ ਝੱਟ ਪਾਣੀ ਤੋਂ ਉੱਪਰ ਆਇਆ।** ਇਸ ਵਾਕ ਤੋਂ ਜ਼ਰੂਰ ਇਹ ਅਰਥ ਮਿਲਦਾ ਹੈ ਕਿ ਉਸ ਨੂੰ ਪੂਰੀ ਤਰ੍ਹਾਂ ਨਾਲ ਡੁਬਕੀ ਦਿੱਤੀ ਗਈ ਸੀ, ਜੋ ਕਿ ''ਬਪਤਿਸਮਾ'' ਸ਼ਬਦ ਦਾ ਅਰਥ ਹੀ ਹੈ (ਵੇਖੋ ਰਸੂਲਾਂ ਦੇ ਕੰਮ 8:38, 39)। ਉਸ ਸਮੇਂ, **ਅਕਾਸ਼ ਖੁੱਲ੍ਹ ਗਿਆ**। ਇਹ ਭਾਸ਼ਾ ਖ਼ੁਦਾ ਦੇ ਮੁਕਾਸ਼ਫੇ ਦੇ ਅਨੁਭਵਾਂ ਨੂੰ ਵਿਖਾਉਣ ਲਈ ਆਮ ਗੱਲ ਹੈ (ਯਸਾਯਾਹ 64:1; ਹਿਜ਼ਕੀਏਲ 1:1; ਯੂਹੰਨਾ 1:51; ਰਸੂਲਾਂ ਦੇ ਕੰਮ 7:56; 10:11; ਪ੍ਰਕਾਸ਼ ਦੀ ਪੋਥੀ 4:1)। ਇਹ ਘਟਨਾ ਦਰਸ਼ਨ ਸੀ ਜਾਂ ਹਕੀਕਤ ਵਿਚ ਹੋਈ, ਇਸ ਉੱਤੇ ਬਹਿਸ ਹੋ ਸਕਦੀ ਹੈ। ਇਸ ਨਾਲ ਜੁੜਿਆ ਸਵਾਲ ਇਹ ਹੈ ਕਿ ਆਤਮਾ ਦੇ ਉਤਰਣ ਅਤੇ ਖ਼ੁਦਾ ਦੀ ਆਵਾਜ਼ ਨੂੰ ਉੱਥੇ ਮੌਜੂਦ ਹਰ ਕਿਸੇ ਨੇ ਵੇਖਿਆ ਅਤੇ ਸੁਣਿਆ ਜਾਂ ਸਿਰਫ਼ ਯੂਹੰਨਾ ਨੇ ਹੀ ਵੇਖਿਆ ਅਤੇ ਸੁਣਿਆ (ਵੇਖੋ ਯੂਹੰਨਾ 5:37)।

**ਅਤੇ ਉਹ ਨੇ ਪਰਮੇਸ਼ੁਰ ਦਾ ਆਤਮਾ ਕਬੂਤਰ ਵਾਂਙੁ ਉੱਤਰਦਾ ਅਤੇ ਆਪਣੇ ਉੱਤੇ ਆਉਂਦਾ ਡਿੱਠਾ।** ਆਤਮਾ ਦੀ ਤੁਲਨਾ ਕਬੂਤਰ ਨਾਲ ਕੀਤੇ ਜਾਣ ਨੂੰ ਉਸ ਦੇ ਉੱਤਰਣ ਦੇ ਢੰਗ ਦੇ ਸਬੰਧ ਵਿਚ ਸਮਝਿਆ ਜਾ ਸਕਦਾ ਹੈ। ਪਰ ਲੂਕਾ ਦੀ ਤੁਲਨਾ ਯਕੀਨਨ ਹੀ ਵਿਖਾਈ ਦੇਣ ਨਾਲ ਸਬੰਧਿਤ ਹੈ: ''ਅਤੇ ਪਵਿੱਤਰ ਆਤਮਾ ਦੇਹ ਦਾ ਰੂਪ ਧਾਰ ਕੇ ਕਬੂਤਰ ਦੀ ਨਿਆਈਂ ਉਸ ਉੱਤੇ ਉੱਤਰਿਆ ਅਤੇ ਸੁਰਗੀ ਬਾਣੀ ਆਈ, ਤੂੰ ਮੇਰਾ ਪਿਆਰਾ ਪੁੱਤਰ ਹੈਂ, ਤੈਥੋਂ ਮੈਂ ਪਰਸੰਨ ਹਾਂ'' (ਲੂਕਾ 3:22)। ਕਬੂਤਰ ਹਲੀਮੀ ਅਤੇ ਭੋਲੇਪਨ ਦਾ ਪ੍ਰਤੀਕ ਸੀ। ਇਸ ਦੇ ਇਲਾਵਾ ਇਸ ਕਾਲ ਦੌਰਾਨ ਯਹੂਦੀ ਧਰਮ ਨੂੰ ਕਬੂਤਰ ਨਾਲ ਜੋੜਿਆ ਜਾਂਦਾ ਹੈ। ਜੀ. ਐਫ਼. ਹੇਸਲ ਦੀ ਵਿਆਖਿਆ ਹੈ:

> ਰਸੂਲਾਂ ਦੇ ਇਕ ਛੋਟੇ ਸਮਕਾਲੀ ਰੱਬੀ ਬੈਨ ਜ਼ੋਮਾ ਨੇ ਰੱਬੀਆਂ ਦੀ ਇਕ ਰੀਤ ਦਾ ਹਵਾਲਾ ਦਿੱਤਾ ਹੈ ਕਿ ''ਖ਼ੁਦਾ ਦਾ ਆਤਮਾ ਪਾਣੀ ਦੇ ਉਤੇ ਸੇਉਂਦਾ ਸੀ *[ਉਤਪਤ 1:2]* ਜਿਵੇਂ ਕਬੂਤਰ ਧਰਨੇ ਤੇ ਬੈਠਦਾ ਹੈ ਪਰ ਉਨ੍ਹਾਂ ਨੂੰ ਛੂਹੰਦਾ ਨਹੀਂ ਹੈ'' *[ਟਾਲਮੁਡ ਹੇਗਿਗਾ* 15ਏ*]*।[4]

ਕਬੂਤਰ ਇਸ ਗੱਲ ਦਾ ਸੰਕੇਤ ਸੀ ਕਿ ਯੂਹੰਨਾ ਨੂੰ ਯਿਸੂ ਦੀ ਪਛਾਣ ਲਈ ਦਿੱਤਾ ਗਿਆ ਸੀ, ਜਿਸ ਦਾ ਉਹ ਰਾਹ ਤਿਆਰ ਕਰ ਰਿਹਾ ਸੀ। ਬੇਸ਼ੱਕ ਯੂਹੰਨਾ ਨੇ *ਸੋਚਿਆ* ਕਿ ਯਿਸੂ ਹੀ ਮਸੀਹਾ ਹੈ, ਜੋ ਉਸ ਦੇ ਯਿਸੂ ਨੂੰ ਬਪਤਿਸਮਾ ਦੇਣ ਤੋਂ ਝਕਣ ਦੀ ਵਜ੍ਹਾ ਸੀ। ਪਰ ਉਸ ਨੇ ਉਸ ਨੂੰ **ਉਦੋਂ ਤਕ ਨਹੀਂ ਜਾਣਿਆ** ਜਦ ਤਕ ਆਤਮਾ ਉਸ ਦੇ ਉੱਤੇ ਨਹੀਂ ਉੱਤਰਿਆ। ਆਤਮਾ ਨੇ ਉਪਾਅ ਦੇ ਰਾਹੀਂ ਸਬੂਤ ਦਾ ਕੰਮ ਕੀਤਾ ਕਿ ਯਿਸੂ ਹੀ ਮਸੀਹ ਹੈ (ਯੂਹੰਨਾ 1:29–34)।

ਇਸ ਘਟਨਾ ਨਾਲ ਯਸਾਯਾਹ ਰਾਹੀਂ ਕੀਤੀਆਂ ਗਈਆਂ ਨਬੂਵਤਾਂ ਵੀ ਪੂਰੀਆਂ ਹੋਈਆਂ, ''ਯਹੋਵਾਹ ਦਾ ਆਤਮਾ ਉਸ ਉੱਤੇ ਉੱਤਰੇਗਾ'' (ਯਸਾਯਾਹ 11:2); ''ਮੈਂ ਆਪਣਾ ਆਤਮਾ ਉਹਦੇ ਉੱਤੇ ਪਾਇਆ ਹੈ'' (42:1); ਅਤੇ ''ਪ੍ਰਭੂ ਯਹੋਵਾਹ ਦਾ ਆਤਮਾ ਮੇਰੇ ਉੱਤੇ ਹੈ'' (ਯਸਾਯਾਹ 61:1)। ਪਵਿੱਤਰ ਆਤਮਾ ਹੀ ਸੀ ਜਿਹੜਾ ਮਸੀਹ ਨੂੰ ਖ਼ੁਦਾ ਦੇ ਰਾਜ ਉੱਤੇ ਰਾਜਾ ਹੋਣ ਲਈ ਮਸਹ ਕਰ ਰਿਹਾ ਸੀ। ਇਸ ਦੇ ਇਲਾਵਾ ਜਦ ਯਿਸੂ ਉੱਥੋਂ ਗਿਆ ਤਾਂ ਉਹ ਪਵਿੱਤਰ ਆਤਮਾ ਦੀ ਸਮਰਥਾ

ਵਿਚ ਹੋ ਕੇ ਹਰ ਤਰ੍ਹਾਂ ਦੀ ਬੀਮਾਰੀ ਨੂੰ ਚੰਗਿਆਂ ਕਰਕੇ ਅਤੇ ਬਦਰੂਹਾਂ ਨੂੰ ਕੱਸਦੇ ਹੋਏ ਭਾਵ ਬੁਰਾਈ ਦੀਆਂ ਸ਼ਕਤੀਆਂ ਨੂੰ ਕੱਸ ਦੇ ਹੋਏ ਜੋ ਉਸ ਦੇ ਰਾਜ ਲਈ ਰੁਕਾਵਟ ਸਨ (12:28; ਰਸੂਲਾਂ ਦੇ ਕੰਮ 10:38) ਅੱਗੇ ਵੱਧਦਾ ਗਿਆ।

**ਆਇਤ 17.** ਪਿਤਾ ਨੇ ਐਲਾਨ ਕੀਤਾ, **''ਇਹ ਮੇਰਾ ਪਿਆਰਾ ਪੁੱਤਰ ਹੈ ਜਿਸ ਤੋਂ ਮੈਂ ਪਰਸੰਨ ਹਾਂ।''** ਇੱਥੇ ਖ਼ੁਦਾ ਨੇ ਉਸ ਦੇ ਪੁੱਤਰ ਦੇ ਇਲਾਹੀ ਹੋਣ ਦੇ ਆਪਣੇ ਤਿੰਨ ਐਲਾਨਾਂ ਵਿੱਚੋਂ ਪਹਿਲਾ ਐਲਾਨ ਕੀਤਾ (ਵੇਖੋ 17:5; ਯੂਹੰਨਾ 12:28)। ਇਹ ਸ਼ਬਦ ਨਾ ਸਿਰਫ਼ ਪੁਰਾਣੇ ਨੇਮ ਦਾ ਸਿੱਧਾ ਹਵਾਲਾ ਹੈ ਬਲਕਿ ਕੁਝ ਵਿਸ਼ਿਆਂ ਨੂੰ ਯਾਦ ਦੁਆਉਣ ਵਾਲੇ ਵੀ ਹਨ। ਯਿਸੂ ਰੱਬੀ ਪੁੱਤਰ ਭਾਵ ਯਹੋਵਾਹ ਦਾ ਮਸਹ ਕੀਤਾ ਹੋਇਆ ਹੈ (ਜ਼ਬੂਰ 2:7; ਵੇਖੋ ਰਸੂਲਾਂ ਦੇ ਕੰਮ 13:33; ਇਬਰਾਨੀਆਂ 1:5; 5:5)। ਉਹ ਖ਼ੁਦਾ ਦਾ ਲਾਡਲਾ ਹੈ ਅਤੇ ਉਹ ਉਸ ਤੋਂ ਬੇਹੱਦ ਖੁਸ਼ ਹੈ–''ਮੇਰਾ ਚੁਣਵਾਂ ਜਿਸ ਤੋਂ ਮੇਰਾ ਜੀ ਪਰਸੰਨ ਹੈ'' (ਯਸਾਯਾਹ 42:1)। ਇਹ ਭਾਸ਼ਾ ਅਬਰਾਹਾਮ ਦੇ ਵਾਅਦਾ ਕੀਤੇ ਹੋਏ ਪਿਆਰੇ ਪੁੱਤਰ ਇਸਹਾਕ ਦੇ ਵੇਰਵੇ ਨਾਲ ਵੀ ਮਿਲਦੀ ਜੁਲਦੀ ਹੈ ਜਿਸ ਨੂੰ ਉਸ ਨੂੰ ਕੁਰਬਾਨ ਕਰਨ ਲਈ ਕਿਹਾ ਗਿਆ ਸੀ (ਉਤਪਤ 22:2)।

ਖ਼ੁਦਾਈ ਦੇ ਤਿੰਨੇ ਸ਼ਖ਼ਸ[5] ਯਿਸੂ ਦੇ ਬਪਤਿਸਮੇ ਵੇਲੇ ਉੱਥੇ ਸਨ। ਮਸੀਹ ਯੂਹੰਨਾ ਨਾਲ ਪਾਣੀ ਵਿਚ ਸੀ। ਪਵਿੱਤਰ ਆਤਮਾ ਕਬੂਤਰ ਦੇ ਰੂਪ ਵਿਚ ਉੱਤਰਿਆ ਅਤੇ ਯਿਸੂ ਉੱਤੇ ਠਹਿਰ ਗਿਆ ਸੀ। ਜਦ ਇਹ ਸਭ ਕੁਝ ਹੋ ਰਿਹਾ ਸੀ ਤਾਂ ਖ਼ੁਦਾ ਨੇ ਆਪਣੇ ਪੁੱਤਰ ਨਾਲ ਆਪਣੇ ਅਨੰਦ ਨੂੰ ਦੱਸਣ ਲਈ ਸੁਰਗ ਵਿਚ ਐਲਾਨ ਕੀਤਾ। ਖ਼ੁਦਾਈ ਦੇ ਇਨ੍ਹਾਂ ਤਿਨ੍ਹਾਂ ਸ਼ਖ਼ਸਾਂ ਦੀ ਯਿਸੂ ਦੇ ਬਪਤਿਸਮੇ ਵੇਲੇ ਮੌਜੁਦਗੀ ਕਿਸੇ ਵੀ ਸ਼ਖ਼ਸ ਲਈ ਜਿਹੜਾ ਤਸਲੀਸ ਜਾਂ ਤ੍ਰਿਏਕਤਾ ਤੋਂ ਇਨਕਾਰ ਕਰਦਾ ਹੈ, ਸਭ ਤੋਂ ਵੱਡੀ ਦਿੱਕਤ ਹੈ। ਬਾਈਬਲ ਭਾਵੇਂ ਤਸਲੀਸ ਸ਼ਬਦ ਦੀ ਵਰਤੋਂ ਕਿਤੇ ਨਹੀਂ ਕਰਦੀ, ਪਰ ਕਈ ਆਇਤਾਂ ਵਿਚ ਇਸ ਧਾਰਨਾ ਦੇ ਸਹੀ ਹੋਣ ਦੀ ਤਸਦੀਕ ਕੀਤੀ ਗਈ ਹੈ (28:19; ਯੂਹੰਨਾ 1:1–3, 14; 17:1–26; 2 ਕੁਰਿੰਥਿਆਂ 13:14; ਯਹੂਦਾਹ 20, 21; ਵੇਖੋ ਮਰਕੁਸ 12:29)। ਯਿਸੂ ਖ਼ੁਦਾ ਸੀ ਪਰ ਉਹ ਮਨੁੱਖ ਬਣ ਗਿਆ ਅਤੇ ਸਾਡੇ ਵਿਚਕਾਰ ਰਿਹਾ (ਯੂਹੰਨਾ 1:1, 14)।

~~~ **ਸਬਕ** ~~~

## **ਯਿਸੂ ਦਾ ਬਪਤਿਸਮਾ** (3:13-17)

ਇਨ੍ਹਾਂ ਤਿੰਨਾਂ ਪੁਆਇੰਟਾਂ ਨਾਲ ਯਿਸੂ ਦੇ ਬਪਤਿਸਮੇ ਉੱਤੇ ਇਕ ਸਬਕ ਤਿਆਰ ਕੀਤਾ ਜਾ ਸਕਦਾ ਹੈ:

1. ਇਲਾਹੀ ਫ਼ੈਸਲਾ (3:13, 14);
2. ਇਲਾਹੀ ਮਕਸਦ (3:15);
3. ਇਲਾਹੀ ਗਵਾਹੀ (3:16);
4. ਇਲਾਹੀ ਮੌਜੂਦਗੀ (3:17)।

## **ਯਿਸੂ ਦਾ ਅਤੇ ਸਾਡਾ ਆਪਣਾ ਬਪਤਿਸਮਾ** (3:13-17)

ਕਈ ਵਾਰ ਦਲੀਲ ਦਿੱਤੀ ਜਾਂਦੀ ਹੈ ਕਿ ਆਪਣੇ ਬਪਤਿਸਮੇ ਵਿਚ ਯਿਸੂ ਅੱਜ ਸਾਡੇ ਲਈ ਨਮੂਨਾ ਠਹਿਰਾਉਂਦਾ ਹੈ। ਇਸ ਵਿਚਾਰ ਵਿਚ ਕੁਝ ਸਚਿਆਈ ਹੈ, ਪਰ ਇਨ੍ਹਾਂ ਦੀ ਤੁਲਨਾ ਕਰਨਾ ਪੇਚੀਦਾ ਗੱਲ ਹੈ ਅਤੇ ਇਸ ਦਾ ਮੁਲਾਂਕਣ ਵੀ ਬੜੇ ਹੀ ਧਿਆਨ ਨਾਲ ਹੋਣਾ ਚਾਹੀਦਾ ਹੈ।

ਯਿਸੂ ਦੇ ਬਪਤਿਸਮੇ ਅਤੇ ਅੱਜ ਦੇ ਬਪਤਿਸਮੇ ਵਿਚ ਅਸੀਂ ਕੁਝ ਸਮਾਨਤਾਵਾਂ ਨੂੰ ਵੇਖ ਸਕਦੇ ਹਾਂ।
~~~

ਜਿਵੇਂ ਕਿ ਨਵਾਂ ਨੇਮ ਬਪਤਿਸਮੇ ਦੀ ਪਰਿਭਾਸ਼ਾ ਦਿੰਦਾ ਹੈ, ਅੱਜ ਵੀ ਇਹ ਪਾਣੀ ਵਿਚ ਡੁਬਕੀ ਹੀ ਹੈ ਅਤੇ ਕਿਸੇ ਦੂਜੇ ਰਾਹੀਂ ਦਿੱਤਾ ਜਾਂਦਾ ਹੈ (ਆਪਣੇ ਆਪ ਲੈਣ ਦੇ ਉਲਟ)। ਇਸ ਦੇ ਇਲਾਵਾ ਯਿਸੂ ਵਾਂਗ ਹੀ ਬਪਤਿਸਮਾ ਲੈਣ ਦੇ ਚਾਹਵਾਨ ਲਈ ਖ਼ੁਦਾ ਦੇ ਹੁਕਮ ਨੂੰ ਸੱਚੇ ਦਿਲੋਂ ਮੰਨਣ ਦੀ ਇੱਛਾ ਹੋਣੀ ਚਾਹੀਦੀ ਹੈ। ਇਸ ਦੇ ਬਾਅਦ ਅੱਜ ਜਦ ਕੋਈ ਨਵੇਂ ਨੇਮ ਦੇ ਬਪਤਿਸਮੇ ਨੂੰ ਲੈਂਦਾ ਹੈ ਤਾਂ ਉਸ ਨੂੰ ਪਵਿੱਤਰ ਆਤਮਾ ਦਾ ਦਾਨ ਮਿਲਦਾ ਹੈ (ਰਸੂਲਾਂ ਦੇ ਕੰਮ 2:38), ਭਾਵੇਂ ਇਹ ਗੈਰ ਚਮਤਕਾਰੀ ਦਾਨ ਹੀ ਹੈ ਅਤੇ ਉਸ ਨੂੰ ਖ਼ੁਦਾ ਦੀ ਸੰਤਾਨ ਐਲਾਨਿਆ ਜਾਂਦਾ ਹੈ (ਗਲਾਤੀਆਂ 3:26, 27)।[6] ਯਿਸੂ ਨੂੰ ਖ਼ੁਦ ਆਤਮਾ ਰਾਹੀਂ ਮਸਹ ਕੀਤਾ ਗਿਆ ਸੀ ਅਤੇ ਆਪਣੇ ਪੁੱਤਰ ਦੇ ਰੂਪ ਵਿਚ ਪਿਤਾ ਵੱਲੋਂ ਉਸ ਦੀ ਤਸਦੀਕ ਕੀਤੀ ਗਈ ਸੀ। ਯਿਸੂ ਦੇ ਬਪਤਿਸਮੇ ਅਤੇ ਨਵੇਂ ਨੇਮ ਦੇ ਬਪਤਿਸਮੇ, ਦੋਹਾਂ ਨੂੰ ਖ਼ੁਦਾ ਦੀ ਸੇਵਾ (ਸੇਵਕਾਈ) ਦੀਆਂ ਮੁੱਢਲੀਆਂ ਗੱਲਾਂ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ।

ਜਿਵੇਂ ਇਨ੍ਹਾਂ ਵਿਚ ਕਈ ਸਮਾਨਤਾਵਾਂ ਹਨ, ਉਵੇਂ ਹੀ ਇਨ੍ਹਾਂ ਵਿਚ ਕਈ ਭਿੰਨਤਾਵਾਂ ਵੀ ਹਨ। ਯਿਸੂ ਨੂੰ ਯੂਹੰਨਾ ਰਾਹੀਂ ਬਪਤਿਸਮਾ ਦਿੱਤਾ ਗਿਆ ਸੀ, ਜਿਸ ਦਾ ਤਿਆਰੀ ਦਾ ਬਪਤਿਸਮਾ ਹੁਣ ਲਾਗੂ ਨਹੀਂ ਹੈ (ਰਸੂਲਾਂ ਦੇ ਕੰਮ 19:1–7)। ਮਸੀਹ ਦੇ ਸਲੀਬ ਉੱਤੇ ਮਰਨ ਨਾਲ ਇਕ ਨਵਾਂ ਅਹਿਦ ਜਾਂ ਨੇਮ ਕਾਇਮ ਹੋ ਗਿਆ। ਇਸ ਕਰਕੇ ਨਵੇਂ ਨੇਮ ਦੇ ਬਪਤਿਸਮੇ ਵਿਚ ਸਲੀਬ ਉੱਤੇ ਦਿੱਤੇ ਅਤੇ ਜੀ ਉੱਠੇ ਪ੍ਰਭੂ ਵਿਚ ਵਿਸ਼ਵਾਸ ਕਰਨਾ ਜ਼ਰੂਰੀ ਹੈ (ਮਰਕੁਸ 16:16)। ਇਸ ਬਪਤਿਸਮੇ ਵਿਚ ਤੋਬਾ ਵੀ ਜ਼ਰੂਰੀ ਹੈ, ਜੋ ਮਸੀਹ ਲਈ ਨਹੀਂ ਸੀ। ਕਿਉਂਕਿ ਉਹ ਪਾਪ ਰਹਿਤ ਸੀ। ਪਸ਼ਚਾਤਾਪੀ ਵਿਸ਼ਵਾਸੀ ਆਪਣੇ ਪਾਪ ਮਾਫ਼ ਕਰਵਾਉਣ ਭਾਵ ਮਸੀਹ ਦੇ ਲਹੂ ਰਾਹੀਂ ਧੋਤੇ ਜਾਣ ਲਈ ਨਵੇਂ ਨੇਮ ਦੇ ਬਪਤਿਸਮੇ ਵਾਸਤੇ ਆਪਣੇ ਆਪ ਨੂੰ ਦਿੰਦਾ ਹੈ (ਰਸੂਲਾਂ ਦੇ ਕੰਮ 2:38; 22:16; ਵੇਖੋ ਪ੍ਰਕਾਸ਼ ਦੀ ਪੋਥੀ 1:5) । ਉਸ ਕਾਰਜ ਵਿਚ ਉਹ ਮਸੀਹ ਦੀ ਮੌਤ ਅਤੇ ਜੀ ਉੱਠਣ ਨੂੰ ਦਰਸਾਉਂਦਾ ਹੈ (ਰੋਮੀਆਂ 6:3, 4) । ਉਹ ਮਸੀਹ ਵਿਚ ਇਕ ਨਵਾਂ ਸ਼ਖ਼ਸ ਬਣ ਜਾਂਦਾ ਹੈ (ਰੋਮੀਆਂ 6) ਅਤੇ ਉਸ ਨੂੰ ਮਸੀਹ ਵੱਲੋਂ ਰਾਜ (ਕਲੀਸੀਆ) ਵਿਚ ਮਿਲਾ ਲਿਆ ਜਾਂਦਾ ਹੈ (ਰਸੂਲਾਂ ਦੇ ਕੰਮ 2:47; 1 ਵੇਖੋ 12:13)।

ਹਰ ਕਿਸੇ ਨੂੰ ਬਪਤਿਸਮਾ ਲੈਣ ਵਿਚ ਮਸੀਹ ਦੇ ਅਧੀਨ ਹੋਣ ਦੀ ਨਕਲ ਕਰਨੀ ਚਾਹੀਦੀ ਹੈ, ਪਰ ਉਸ ਨੂੰ ਨਵੇਂ ਨੇਮ ਦੇ ਬਪਤਿਸਮੇ ਦੇ ਖ਼ਾਸ ਅਰਥ ਬਾਰੇ ਵੀ ਦੱਸਿਆ ਜਾਣਾ ਚਾਹੀਦਾ ਹੈ। ਯਿਸੂ ਦਾ ਬਪਤਿਸਮਾ ਅਤੇ ਨਵੇਂ ਨੇਮ ਦਾ ਬਪਤਿਸਮਾ ਦੋਵੇਂ ਇੱਕੋ ਨਹੀਂ ਹਨ।

---

ਟਿੱਪਣੀਆਂ

[1]ਡੋਲਨਡ ਏ. ਹੈਗਨਰ, *ਮੈਥਿਉ 1–13,* ਵਰਡ ਬਿਬਲੀਕਲ ਕਮੈਂਟਰੀ, ਜਿਲਦ 33ਏ (ਡਲਾਸ: ਵਰਡ ਬੁੱਕਸ, 1993), 55. [2]ਡਗਲਸ ਆਰ. ਏ. ਹੇਅਰ, *ਮੈਥਿਉ,* ਇੰਟਰਪ੍ਰਿਟੇਸ਼ਨ (ਲੂਈਸਵਿੱਲੇ: ਜੌਨ ਨੌਕਸ ਪ੍ਰੈੱਸ, 1993), 20. [3]ਇਰਾਨ ਵਿਚ ਅੱਜ ਵੀ ਮੈਂਡੇਈ ਧਰਮ ਨੂੰ ਮੰਨਿਆ ਜਾਂਦਾ ਹੈ। ਇਹ ਦੂਜੀ ਸਦੀ ਈਸਵੀ ਪੁਰਾਣਾ ਇਕ ਪੁਰਾਣਾ ਨੌਸਟਿਕ ਧਰਮ। ਮੈਂਡੀਅਨ ਲੋਕ ਰਵਾਇਤੀ ਮਸੀਹੀ ਅਤੇ ਯਹੂਦੀ ਧਰਮ ਨੂੰ ਨਕਾਰਦੇ ਹਨ, ਪਰ ਯੂਹੰਨਾ ਪਬਤਿਸਮਾ ਦੇਣ ਵਾਲੇ ਨੂੰ ਆਪਣੇ ਇਕ ਨਬੀ ਦੇ ਰੂਪ ਵਿਚ ਉੱਚਾ ਕਰਦੇ ਹਨ। ਉਨ੍ਹਾਂ ਦੇ ਧਰਮ ਵਿਚ ਮਿਥਹਾਸ, ਦਵੈਤਵਾਦ ਅਤੇ ਪੇਚੀਦਾ ਸੰਸਕਾਰ ਖ਼ਾਸ ਹਨ। [4]*ਦ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇੰਸਾਈਕਲੋਪੀਡੀਆ*, ਸੋਧਿਆ ਅੰਕ, ਸੰਪਾ. ਜੈਫ਼ਰੀ ਡਬਲਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਨਸ ਪਬਲਿਸ਼ਿੰਗ ਕੰ., 1979), 1:988 ਵਿਚ ਜੀ. ਐਸ. ਹੇਸਲ, ''ਡਵ।'' [5]KJV ਵੱਲੋਂ ਤਿੰਨ ਯੂਨਾਨੀ ਸ਼ਬਦਾ ਦਾ ਅਨੁਵਾਦ ''ਪਰਮੇਸ਼ੁਰਤਾਈ'' ਹੈ (ਰਸੂਲਾਂ ਦੇ ਕੰਮ 17:29; ਰੋਮੀਆਂ 1:20; ਕੁਲੁਸੀਆਂ 2:9)। [6]ਐਂਥਨੀ ਲੀ ਐਸ਼, *ਦ ਗੌਸਪਲ ਅਕਾਰਡਿੰਗ ਟੂ ਲੂਕ,* ਪਾਰਟ 1, ਦ ਲਿਵਿੰਗ ਵਰਡ ਕਮੈਂਟਰੀ (ਆਸਟਿਨ, ਟੈਕਸਸ: ਸਵੀਟ ਪਬਲਿਸ਼ਿੰਗ ਕੰ., 1972), 77.